However, please note that in case the auction does not get completed on the given date(s), then in that event the auction in respect thereto shall be conducted/continued on **Second Auction date** at **given auction centre**, and further in case the said ornaments are still not successfully auctioned on these dates then such auction shall be continued on subsequent days thereafter, at this same venue. No further notices shall be issued in this respect.

Kohli & Sobti, Advocates, A 59A, First Floor, Lajpat Nagar-II, New Delhi - 110024

Note: Customers can release their pledged ornaments before the scheduled auction date, against payment of dues of our client. Customer can also contact Email ID: auctiondelhi@muthootgroup.com or Call at 7834886464, 7994452461.

केनरा बैंक Canara Bank

DELHI CANTONMENT BRANCH
No.22, Thimmayya Marg, Cantonment
Delhi-110010, Email: cb19008@canarabank.com

DEMAND NOTICE [SECTION 13(2)]
TO BORROWER/ GUARANTOR/MORTGAGOR

To, 1) Rajeev Dhar S/o Omkar Nath Dhar, R/o WZ-799,Near Shiv Mandir, Palam Village, New Delhi-110045, **Also at:** RZ-F-1/271,Flat No 4, Lane No.3,Village Palam, Mahavir Enclave Colony, New Delhi-110045, **Also at:** H No-149B MIG, MDDA Colony, Phase-1,Indirapuram, GMS Road, Dehradun, Uttrakhand-248001

2) Arjun Kaul S/o Girdhari lal Kaul(Guarantor), R/o107, Technology Apartment, Patparganj 24, Delhi-110092

Notice issued under Section 13(2) of the Securitisation & Reconstruction of Financial Assets & Enforcement of Security Interest Act, 2002.

The undersigned being the Authorized Officer of **Canara Bank, Delhi Cantonment Branch**, New Delhi(hereinafter referred to as "the secured creditor"), appointed under the Securitisation and Reconstruction of Financial Assets and Enforcement of Security Interest Act, 2002, (hereinafter referred as the "Act") do hereby issue this notice to you as under:

That **Mr. Rajeev Dhar** (hereinafter referred to as "the Borrower"1) has availed credit facility / facilities stated in the **Schedule A** hereunder and has entered into the security agreement/s in favour of the secured creditor. While availing the said financial assistance, you have expressly undertaken to repay the loan amount/s in accordance with the terms and conditions of the above mentioned agreements.

That **Mr. Arjun Kaul,** (hereinafter referred to as "the Guarantors") had guaranteed the payment on demand of all moneys and discharge of all obligations and liabilities owing or incurred to the secured creditor by the Borrower for credit facilities up to the limit of **Rs.21,00,000/- (Rupees Twenty One Lakhs only)** with interest thereon.

You (The person mentioned in schedule B) are also entered in to agreements against the secured assets which are detailed in **Schedule B**[3] hereunder.

However, since September 2020, the operation and conduct of the said financial assistance / credit facilities have become irregular. The books of account maintained by the secured assets shows that the liability of the Borrower towards the secured creditor as on date amounts to **Rs. 16,97,986.04 (Rupees Sixteen Lakh Ninety Seven Thousand Nine Hundred and Eighty Six and Paise Four Only)**, the details of which together with future interest rate are stated in **Schedule C** here under.

It is further stated that the Borrower/Guarantor having failed to keep up with the terms of the above said agreement in clearing the dues of the secured creditor within the time given, and have been evasive in settling the dues. The operation and conduct of the above said financial assistance / credit facility/ies having come to a standstill and as a consequence of the default committed in repayment of principal debt/ instalment and interest thereon, the secured creditor was constrained to classify the debt as Non Performing Asset (NPA) as on **30/12/2020** in accordance with the directives/guidelines relating to asset classification issued by the Reserve Bank of India.

The secured creditor through this notice brings to your attention that the Borrower has failed and neglected to repay the said dues/ outstanding liabilities and hence hereby demand you under Section 13(2) of the Act, by issuing this notice to discharge in full the liabilities of the Borrower as stated in **Schedule C** hereunder to the secured creditor **within 60 days from the date of receipt of this notice.** Further, it is brought to your notice that you are also liable to pay future interest as mentioned in Schedule C below together with all costs, charges, expenses and incidental expenses with respect to the proceedings undertaken by the secured creditor in recovering its dues.

Please take note of the fact that if you fail to repay to the secured creditor the aforesaid sum of **Rs. 16,97,986.04 (Rupees Sixteen Lakh Ninety Seven Thousand Nine Hundred and Eighty Six and Paise Four Only)**, together with further interest and incidental expenses and costs as stated above in terms of this notice under Section 13(2) of the Act, the secured creditor will exercise all or any of the rights detailed under sub-section (4)(a) and (b) of Section 13, the extract of which is given here below to convey the seriousness of this issue:

13(4)- In case the Borrower/Guarantor fails to discharge liability in full within the period specified in sub-section (2), the secured creditor may take recourse to one or more of the following measures to recover his secured debt, namely;

(a) Take possession of the secured assets of the Borrower/Guarantor including the right to transfer by way of lease, assignment or sale for realizing the secured asset;

(b) Take over the management of the business of the Borrower including the right to transfer by way of lease, assignment or sale for realizing the secured asset:

Provided that the right to transfer by way of lease, assignment or sale shall be exercised only where the substantial part of the business of the Borrower is held as security for the debt;

Provided further that where the management of whole of the business or part of the business is severable, the secured creditor shall take over the management of such business of the borrower which is relatable to the security for the debt;

and under other applicable provisions of the said Act.

Your attention is invited to provisions of sub-section (8) of Section 13 of the Act, in respect of time available, to redeem the secured assets.

You are also put on notice that in terms of section 13(13) the Borrower/Guarantor shall not transfer by way of sale, lease or otherwise the said secured assets detailed in Schedule B hereunder without obtaining written consent of the secured creditor.

It is further brought to your notice that any contravention of this statutory injunction/ restraint, as provided under the said Act, is an offence and if for any reason, the secured assets are sold or leased out in the ordinary course of business, the sale proceeds or income realized shall be deposited with the secured creditor. In this regard you shall have to render proper accounts of such realization / income.

This notice of Demand is without prejudice to and shall not be construed as waiver of any other rights or remedies which the secured creditor may have including further demands for the sums found due and payable by you.

This is without prejudice to any other rights available to the secured creditor under the Act and/or any other law in force.

Please comply with the demand under this notice and avoid all unpleasantness. In case of Non- compliance, further needful action will be resorted to, holding you liable for all costs and consequence.

SCHEDULE –A
Details of the credit facility/ies availed by the Borrower

Sl. No.	Loan No	Nature of Loan/Limit	Date of sanction	Amount
1.	90087200000296	Housing Loan	06/01/2010	Rs.21,00,000/-

SCHEDULE –B
Details of security assets

Sl. No.	IMMOVABLE PROPERTY	Name of Title holder
1.	Flat bearing No FF-4,on First Floor without roof terrace rights,area measuring 87.5 Sq.Yards ,i.e 73.15 Sq.meters, out of property No.RZ-F-1/271, along with proportionate undivided, indivisible and impartial ownership rights of the underneath land measuring 87.5Sq.Yards i.e 73.15 Sq.Meters ,with small car parking on stilt floor,out of Khasra No.86//20,situated in the area of Village Palam, colony known as Mahavir Enclave, New Delhi-110045 which is bounded as under: East: Road 20'wide, West: Others property, North: Road 20'wide, South: Road 8'wide Having purchased vide registration no. 504,additional book no.1,Vol No.5119,pages 110 to 117 dated 18.01.2010 in the office of Sub registrar IX, New Delhi/Delhi.	Mr Rajeev Dhar S/o Omkar Nath Dhar

SCHEDULE – C
Details of liability as on date

Sl. No.	Loan No	Nature of Loan/Limit	LIABILITY (in Rs.)	Rate of Interest
1.	90087200000296	Housing Loan	Rs.16,97,986.04 as on 30.09.2021 and payable with further interest at 9.35% p.a. together with all costs, charges, expenses and incidental expenses incurred/to be incurred.	9.35%

***The Demand Notice Ref No:19008/SARFAESI/13(2)/2021/1 dated 17.08.2021 stands withdrawn and is ineffective by virtue of this demand notice.**

Place : New Delhi, Date : 08.10.2021 **Authorised Officer: Canara Bank**

ਹਰਿਆਣਾ ਦੇ ਰਾਜਪਾਲ ਵੱਲੋਂ ਖਿਡਾਰੀਆਂ ਦਾ ਸਨਮਾਨ

ਪੀਪੀ ਵਰਮਾ

ਪੰਚਕੂਲਾ/22 ਅਕਤੂਬਰ: ਹਰਿਆਣਾ ਦੇ ਰਾਜਪਾਲ ਬੰਡਾਰੂ ਦਤਾਤਰੇ ਨੇ ਤਾਊ ਦੇਵੀ ਲਾਲ ਸਟੇਡੀਅਮ ਵਿੱਚ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਉਹ ਇੱਥੇ ਭਾਰਤੀ ਟੇਬਲ ਟੈਨਿਸ ਸੰਘ ਅਤੇ ਹਰਿਆਣਾ ਟੇਬਲ ਟੈਨਿਸ ਐਸੋਸੀਏਸ਼ਨ ਵੱਲੋਂ ਕਰਵਾਏ "ਯੂਟਿਲਟੀ ਨੈਸ਼ਨਲ ਰੈਂਕਿੰਗ ਟੇਬਲ ਟੈਨਿਸ ਚੈਂਪੀਅਨਸ਼ਿਪ" ਦੇ ਮੁਕਾਬਲਿਆਂ ਵਿੱਚ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਨ ਆਏ ਸਨ। ਇਸ ਮੌਕੇ ਤੇ ਹਰਿਆਣਾ ਦੇ ਡਿਪਟੀ ਉੱਪ ਮੁੱਖ ਮੰਤਰੀ ਦੁਯਸ਼ੰਤ ਚੌਟਾਲਾ ਵੀ ਸ਼ਾਮਿਲ ਹੋਏ। ਇਸ ਮੌਕੇ ਤੇ ਹਰਿਆਣਾ ਦੇ ਰਾਜਪਾਲ ਬੰਡਾਰੂ ਦਤਾਤਰੇ ਨੇ ਖਿਡਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਰਿਆਣਾ ਦੇ ਖਿਡਾਰੀਆਂ ਨੇ ਇੱਕ ਵੱਖਰੀ ਪਹਿਚਾਣ ਬਣਾਈ ਹੈ। ਹਰਿਆਣਾ ਵਿੱਚ ਸਰਕਾਰ ਨੇ ਬਹੁਤ ਵਧੀਆ ਸਿਹਤ ਨੀਤੀ ਬਣਾਈ ਹੈ ਜਿਸ ਕਾਰਨ ਖਿਡਾਰੀਆਂ ਨੂੰ ਡੇਰ ਸਾਰੀਆਂ ਸਹੂਲਤਾ ਮਿਲ ਰਹੀਆਂ ਹਨ। ਉਹਨਾਂ ਕਿਹਾ ਕਿ ਸੂਬੇ ਦੀ ਖੇਡ ਨੀਤੀ ਦੀ ਵਿਦੇਸ਼ਾਂ ਵਿੱਚ ਵੀ ਚਰਚਾ ਹੋ ਰਹੀ ਹੈ। ਇਸ ਮੌਕੇ ਤੇ ਰਾਜਪਾਲ ਦਤਾਤਰੇ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਸ਼ਰਧ ਕਮਲ ਨੂੰ ਗੋਲਡਨ ਤਗਮਾ 84 ਹਜ਼ਾਰ ਰੁਪਏ ਨਕਦ ਅਤੇ ਇੱਕ ਸ਼ੀਲਡ ਦੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਮਹਿਲਾ ਵਰਗ ਵਿੱਚ ਪ੍ਰਾਪਤੀ ਸੇਨ ਨੂੰ ਗੋਲਡਨ ਤਗਮਾ 82 ਹਜ਼ਾਰ ਰੁਪਏ ਨਕਦ ਅਤੇ ਸ਼ੀਲਡ ਦੇ ਕੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਹੋਰ ਵੀ ਵੱਡੀ ਗਿਣਤੀ ਦੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ।

ਨਹੀਂ ਰਹੇ ਕਾਲਾਂਵਾਲੀ ਖੇਤਰ ਦੇ ਉੱਘੇ ਸਮਾਜ ਸੇਵਕ ਡਾ. ਪ੍ਰਿਤਪਾਲ ਸਿੰਘ ਵੜਿੰਗ

ਸੁਰਿੰਦਰ ਪਾਲ ਸਿੰਘ

ਕਾਲਾਂਵਾਲੀ/22 ਅਕਤੂਬਰ: ਮੰਡੀ ਕਾਲਾਂਵਾਲੀ ਦੇ ਉਘੇ ਸਮਾਜ ਸੇਵਕ ਡਾ: ਪ੍ਰਿਤਪਾਲ ਸਿੰਘ ਵੜਿੰਗ (73) ਦੀ ਸੜਕ ਹਾਦਸੇ ਦੌਰਾਨ ਹੋਈ ਮੌਤ ਤੇ ਮੰਡੀ ਕਾਲਾਂਵਾਲੀ ਖੇਤਰ ਦੀਆਂ ਰਾਜਨੀਤਕ, ਸਮਾਜਿਕ,ਧਾਰਮਿਕ, ਵਿਦਿਅਕ ਅਤੇ ਸਿਹਤ ਨਾਲ ਜੁੜੀਆਂ ਸੰਸਥਾਵਾਂ ਤੋ ਬਿਨ੍ਹਾਂ ਪੁਲਿਸ ਵਿਭਾਗ ਪੰਜਾਬ ਨੇ ਗਹਿਰੇ ਅਫਸੋਸ ਦਾ ਪ੍ਰਗਟਾਅ ਕੀਤਾ ਹੈ।

ਮਰਹੂਮ ਡਾ: ਪ੍ਰਿਤਪਾਲ ਸਿੰਘ ਦੀ ਸਪੁਤਰੀ ਪਟਿਆਲਾ ਵਿਖੇ ਪੰਜਾਬ ਪੁਲੀਸ ਵਿਚ ਐਸ ਪੀ ਵਜੋ ਸੇਵਾਵਾਂ ਦੇ ਰਹੇ ਬੀਬਾ ਸਵਰਨਜੀਤ ਕੌਰ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਗੁਰਧਾਮਾਂ ਦੀ ਯਾਤਰਾ ਲਈ ਗਏ ਸਨ,ਜਿਸ ਦੌਰਾਨ ਵਾਪਰੇ ਸੜਕ ਹਾਦਸੇ ਕਾਰਨ ਕੁਝ ਦਿਨ ਹਸਪਤਾਲ ਰਹਿਣ ਪਿੱਛੋਂ ਉਹ ਸਦੀਵੀ ਵਿਛੋੜਾ ਦੇ ਗਏ। ਡਾ:ਪ੍ਰਿਤਪਾਲ

ਸਿੰਘ ਦੇ ਮਾਨਸਾ ਵਿਖੇ ਪੰਜਾਬ ਪੁਲਿਸ ਵਿਚ ਸਬ ਇੰਸਪੈਕਟਰ ਵਜੋ ਸੇਵਾਵਾਂ ਦੇ ਰਹੇ ਸਪੁਤਰ ਬਿਕਰਮਜੀਤ ਸਿੰਘ ਅਤੇ ਦੂਸਰੇ ਸਪੁੱਤਰ ਗੁਰਪ੍ਰੀਤ ਸਿੰਘ ਵੜਿੰਗ ਨੇ ਦੱਸਿਆ ਕਿ ਉਨ੍ਹਾ ਦੇ ਪਿਤਾ ਜੀ ਦਾ ਭੋਗ ਮੰਡੀ ਕਾਲਾਂਵਾਲੀ ਵਿਖੇ 29 ਅਕਤੂਬਰ ਦਿਨ ਸ਼ੁਕਰਵਾਰ ਨੂੰ ਗੁਰੂਘਰ ਵਿਖੇ ਪਾਇਆ ਜਾਵੇਗਾ।

ਡਾ: ਪ੍ਰਿਤਪਾਲ ਦੀ ਮੌਤ ਤੇ ਹਲਕਾ ਕਾਲਾਂਵਾਲੀ ਦੇ ਸਾਬਕਾ ਵਿਧਾਇਕ ਬਲਕੌਰ ਸਿੰਘ,ਵਿਧਾਇਕ ਸ਼ੀਸ਼ਪਾਲ ਕੇਹਰਵਾਲਾ,ਰਿਟਾਇਰਡ ਕਰਮਚਾਰੀ ਸੰਘ ਦੇ ਜਿਲ੍ਹਾ ਪ੍ਰੈਸ ਸੱਕਤਰ ਮਾਸਟਰ ਸੁਰਿੰਦਰਪਾਲ ਸਿੰਘ, ਪੈਸਟੀਸਾਈਡ ਐਸੋਸੀਏਸ਼ਨ ਦੇ ਬੰਤਾ ਸਿੰਘ ਬੜਿੰਗ, ਨਗਰ ਪੰਚਾਇਤ ਕੁਰੰਗਾਂਵਾਲੀ, ਆੜ੍ਹਤੀ ਐਸੋਸੀਏਸ਼ਨ ਅਤੇ ਵਪਾਰ ਮੰਡਲ ਦੇ ਅਹੁਦੇਦਾਰਾਂ ਤੋ ਬਿਨ੍ਹਾਂ ਭਾਜਪਾ ਦੇ ਸੀਨੀਅਰ ਆਗੂ ਡਾ: ਭੀਮ ਸੈਨ ਸ਼ਰਮਾਂ ਅਤੇ ਮਾਸਟਰ ਸੁਖਦੀਪ ਸਿੰਘ ਬਾਲਿਆਂਵਾਲੀ, ਪੱਤਰਕਾਰ ਭੁਪਿੰਦਰ ਪੰਨੀਵਾਲੀਆ ਅਤੇ ਮਾ: ਅਜਾਇਬ ਜਲਾਲਆਣਾ ਸਮੇਤ ਖੇਤਰ ਦੀਆਂ ਰਾਜਨੀਤਕ, ਸਮਾਜਿਕ,ਧਾਰਮਿਕ,ਵਿਦਿਅਕ ਅਤੇ ਸਿਹਤ ਨਾਲ ਜੁੜੀਆਂ ਸੰਸਥਾਵਾਂ ਤੋ ਬਿਨ੍ਹਾਂ ਪੁਲਿਸ ਵਿਭਾਗ ਪੰਜਾਬ ਅਤੇ ਹਰਿਆਣਾ ਦੇ ਅਫਸਰ ਅਤੇ ਕਰਮਚਾਰੀ ਵੀ ਵੜਿੰਗ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਮੰਡੀ ਕਾਲਾਵਾਲੀ ਵਿਖੇ ਉਨ੍ਹਾਂ ਦੇ ਗ੍ਰਹਿ ਵਿਖੇ ਪੁੱਜੇ।

ਉਤਰਾਖੰਡ 'ਚ ਭਾਰੀ ਮੀਂਹ ਕਾਰਨ ਪਰੇਸ਼ਾਨ ਲੋਕਾਂ ਲਈ ਸੰਗਮੇਸ਼ਵਰ ਮਹਾਦੇਵ ਮੰਦਰ ਵੱਲੋਂ ਮਦਦ

ਜਸਪਾਲ ਸਿੰਘ

ਪਿਹੋਵਾ/22 ਅਕਤੂਬਰ: ਉਤਰਾਖੰਡ ਵਿੱਚ ਪਿਛਲੇ ਕਈ ਦਿਨਾਂ ਤੋਂ ਭਾਰੀ ਮੀਂਹ ਕਾਰਨ ਪਰੇਸਾਨ ਲੋਕਾਂ ਦੇ ਜੀਵਨ ਦੇ ਮੱਦੇਨਜਰ ਸੰਗਮੇਸਵਰ ਮਹਾਦੇਵ ਮੰਦਰ ਨੇ ਮਦਦ ਦਾ ਹੱਥ ਵਧਾਇਆ ਹੈ. ਮਹੰਤ ਰਵਿੰਦਰ ਪੁਰੀ, ਸ੍ਰੀ ਪੰਚਾਇਤੀ ਅਖਾੜਾ ਮਹਾਨਿਰਵਾਨੀ ਦੇ ਸਕੱਤਰ ਅਤੇ ਅਖਿਲ ਭਾਰਤੀ ਅਖਾੜਾ ਪ੍ਰੀਸਦ ਦੇ ਨਵੇਂ ਨਿਯੁਕਤ ਪ੍ਰਧਾਨ ਦੇ ਆਸੀਰਵਾਦ ਨਾਲ, ਉੱਤਰਾਖੰਡ ਵਿੱਚ ਹੜ੍ਹ ਅਤੇ ਮੀਂਹ ਪੀੜਤਾਂ ਦੀ ਮਦਦ ਲਈ ਮੰਦਰ ਦੀ ਤਰਫੋਂ 372 ਲੀਟਰ ਸਰ੍ਹੋਂ ਦਾ ਤੇਲ ਪ੍ਰਸਾਸਨ ਨੂੰ ਸੌਂਪਿਆ ਗਿਆ। ਸੰਗਮੇਸਵਰ ਮਹਾਦੇਵ ਮੰਦਰ ਦੇ ਸਕੱਤਰ ਮਹੰਤ ਵਿਸਵਨਾਥ ਗਿਰੀ ਅਤੇ ਸੇਵਾ ਦਲ ਦੇ ਮੈਨੇਜਰ ਭੂਸਣ ਗੌਤਮ ਨੇ ਦੱਸਿਆ ਕਿ ਰਾਹਤ ਸਮੱਗਰੀ ਦੀ ਇਹ ਖੇਪ ਐਸਡੀਐਮ ਸੋਨੂੰ ਰਾਮ ਰਾਹੀਂ ਭੇਜੀ ਗਈ ਹੈ। ਜਿੱਥੋਂ ਪ੍ਰਸਾਸਨ ਇਸਨੂੰ ਹੜ੍ਹਾਂ ਅਤੇ ਬਾਰਸਾਂ ਦੇ ਪੀੜਤਾਂ ਦੀ ਮਦਦ ਲਈ ਭੇਜੇਗਾ। ਉਨ੍ਹਾਂ ਕਿਹਾ ਕਿ ਬਿਪਤਾ ਦੇ ਸਮੇਂ ਮਨੁੱਖਤਾ ਦੀ ਸੇਵਾ ਕਰਨਾ ਹਰੇਕ ਦਾ ਟੀਚਾ ਹੋਣਾ ਚਾਹੀਦਾ ਹੈ। ਇਹ ਭਾਰਤ ਦੀ ਪਹਿਚਾਣ ਰਹੀ ਹੈ ਕਿ ਜਦੋਂ ਵੀ ਇੱਥੇ ਕਿਸੇ ਵੀ ਸੂਬੇ 'ਤੇ ਕੋਈ ਬਿਪਤਾ ਆਈ ਹੈ, ਦੇਸ ਦੇ ਲੋਕਾਂ ਨੇ ਹਮੇਸਾ ਆਪਣੇ ਲੋਕਾਂ ਦੇ ਮੋ ਨਾਲ ਮੋਾ ਜੋੜ ਕੇ ਸਮਰਥਨ ਕੀਤਾ ਹੈ। ਸੰਗਮੇਸਵਰ ਸੇਵਾ ਦਲ ਦੇ ਮੈਨੇਜਰ ਭੂਸਣ ਗੌਤਮ ਨੇ ਕਿਹਾ ਕਿ ਇਸ ਤੋਂ ਪਹਿਲਾਂ ਕੋਰੋਨਾ ਦੇ ਸਮੇਂ ਦੌਰਾਨ ਮੰਦਰ ਦੁਆਰਾ ਰਾਸਨ ਵੰਡ, ਟੀਕਾਕਰਨ ਕੈਂਪਾਂ ਅਤੇ ਹੋਰ ਮੁਹਿੰਮਾਂ ਰਾਹੀਂ ਲੋਕਾਂ ਦੀ ਸਹਾਇਤਾ ਕੀਤੀ ਗਈ ਸੀ। ਐਸਡੀਐਮ ਸੋਨੂੰ ਰਾਮ ਨੇ ਕਿਹਾ ਕਿ ਸੰਗਮੇਸਵਰ ਮਹਾਦੇਵ ਮੰਦਰ ਪ੍ਰਸਾਸਨ ਦੇ ਸਹਿਯੋਗ ਲਈ ਹਮੇਸਾ ਤਿਆਰ ਹੈ। ਮੰਦਰ ਦੇ ਕੰਮ ਦੀ ਜਿੰਨੀ ਪ੍ਰਸੰਸਾ ਕੀਤੀ ਜਾਵੇ ਘੱਟ ਹੈ. ਇਸ ਮੌਕੇ 'ਤੇ ਆਤਮਾਨੰਦ ਗਿਰੀ, ਜੋਤੀਸਾਚਾਰੀਆ ਪੰਡਤ ਭੂਧਰ ਗੌਤਮ, ਯੱਗਯਦੱਤ ਸਰਮਾ, ਪੰਡਤ ਸਤੀਸ ਸਰਮਾ, ਕਮਲ ਗੌਤਮ ਸਮੇਤ ਬਹੁਤ ਸਾਰੇ ਸੰਤ ਅਤੇ ਸਰਧਾਲੂ ਮੌਜੂਦ ਸਨ।

ਪੰਜਾਬੀ ਵਿਭਾਗ ਨੇ ਡੀਏਵੀ ਕਾਲਜ 'ਚ ਸਰਟੀਫਿਕੇਟ ਕੋਰਸ ਸੁਰੂ ਕੀਤਾ: ਡਾ. ਗੁਰਪ੍ਰੀਤ

ਜਸਪਾਲ ਸਿੰਘ

ਪਿਹੋਵਾ/22 ਅਕਤੂਬਰ: ਡੀਏਵੀ ਕਾਲਜ ਵਿੱਚ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਵਿਸੇ ਵਿੱਚ ਸਰਟੀਫਿਕੇਟ ਕੋਰਸ ਸੁਰੂ ਕੀਤਾ ਗਿਆ ਹੈ। ਵਿਭਾਗ ਦੀ ਮੁਖੀ ਡਾ: ਗੁਰਪ੍ਰੀਤ ਕੌਰ ਨੇ ਦੱਸਿਆ ਕਿ ਲੰਮੇ ਸਮੇਂ ਬਾਅਦ ਵਿਦਿਅਕ ਸੰਸਥਾਵਾਂ ਵਿੱਚ ਨਲਾਈਨ ਤੋਂ ਫਲਾਈਨ ਕਲਾਸਾਂ ਸੁਰੂ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਰਟੀਫਿਕੇਟ ਕੋਰਸ ਦੀ ਮਿਆਦ 30 ਘੰਟੇ ਰੱਖੀ ਗਈ ਹੈ। ਜਿਸ ਵਿੱਚ ਕਾਲਜ ਦੇ ਕਿਸੇ ਵੀ ਵਿਸੇ ਨਾਲ ਸਬੰਧਤ ਵਿਦਿਆਰਥੀ ਭਾਗ ਲੈ ਸਕਦਾ ਹੈ। ਪਰ ਉਸਨੂੰ ਪੰਜਾਬੀ ਭਾਸਾ ਪੜ੍ਹਨ ਅਤੇ ਲਿਖਣ ਦੇ ਯੋਗ ਹੋਣਾ ਚਾਹੀਦਾ ਹੈ. ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਨੂੰ ਸੱਭਿਆਚਾਰ ਅਤੇ ਰਿਸਤਿਆਂ ਬਾਰੇ ਜਾਗਰੂਕ ਕਰਨਾ ਬਹੁਤ ਜਰੂਰੀ ਹੈ। ਪ੍ਰੋਫੈਸਰ ਦੀਪ ਕਿਰਨ ਨੇ ਵਿਦਿਆਰਥੀਆਂ ਨੂੰ ਰਿਸਤੇ ਦੀ ਇੱਜਤ ਦਾ ਪਾਠ ਪੜ੍ਹਾਇਆ। ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਗੁਰਿੰਦਰ ਮੱਕੜ, ਪ੍ਰੋ. ਅਜੈ ਮੋਹਨ, ਡਾ: ਸੁਰੇਂਦਰ ਸਰਮਾ, ਡਾ: ਪ੍ਰਵੀਨ ਕੁਮਾਰ, ਡਾ: ਸੁਨੀਤਾ ਚਾਹਲ, ਡਾ: ਸੁਮਨ ਸਿਰੋਹੀ, ਅਮਨ ਕੁਮਾਰ ਅਤੇ ਕ੍ਰਿਸਨ ਕੁਮਾਰ ਆਦਿ ਹਾਜਰ ਸਨ।

ਭਾਜਪਾ ਉਮੀਦਵਾਰ ਗੋਬਿੰਦ ਕਾਂਡਾ ਨੂੰ ਤਲਵਾੜਾ ਖੁਰਦ ਦੇ ਲੋਕਾਂ ਨੇ ਪਿੰਡ 'ਚ ਨਾ ਵੜਨ ਦਿੱਤਾ

ਸੁਰਿੰਦਰ ਪਾਲ ਸਿੰਘ

ਕਾਲਾਂਵਾਲੀ/22 ਅਕਤੂਬਰ: ਐਲਨਾਬਾਦ ਉਪ ਚੋਣ ਵਿੱਚ ਕਿਸਾਨ ਅੰਦੋਲਨ ਦੇ ਚਲਦੇ ਹਲਕੇ ਦੇ ਪਿੰਡਾਂ ਦੇ ਕਿਸਾਨ ਮਜ਼ਦੂਰ ਰਲਕੇ ਭਾਜਪਾ ਜਜਪਾ ਨੇਤਾਵਾਂ ਨੂੰ ਕਾਲੇ ਝੰਡੇ ਦਿਖਾ ਕੇ ਜ਼ੋਰਦਾਰ ਵਿਰੋਧ ਕਰ ਰਹੇ ਸਨ।

ਭਾਜਪਾ ਉਮੀਦਵਾਰ ਗੋਬਿੰਦ ਕਾਂਡਾ ਅਤੇ ਉਸਦੇ ਸਮਰਥਨ ਵਿੱਚ ਉਤਰੇ ਬਿਜਲੀ ਮੰਤਰੀ ਰਣਜੀਤ ਸਿੰਘ ਅਤੇ ਡਿਪਟੀ ਸਪੀਕਰ ਰਣਬੀਰ ਸਿੰਘ ਗੰਗਵਾ ਦੇ ਦੌਰੇ ਦੀ ਸੂਚਨਾਂ ਮਿਲਣ ਤੇ ਪਿੰਡ ਤਲਵਾੜਾਂ ਖੁਰਦ ਦੇ ਲੋਕ ਭੜਕ ਗਏ। ਜਿਸਤੇ ਕਿਸਾਨਾਂ ਅਤੇ ਪਿੰਡ ਵਾਸੀਆਂ ਨੇ ਪਿੰਡ ਵਿੱਚ ਆਉਣ ਵਾਲੇ ਚਾਰੇ ਰਸਤੇ ਸੀਲ ਕਰ ਦਿੱਤੇ। ਨਗਰ ਨਿਵਾਸੀ ਰਸਤਿਆਂ ਵਿੱਚ ਟ੍ਰਾਲੀਆਂ ਖੜੀਆਂ ਕਰਕੇ ਧਰਨੇ ਉੱਤੇ ਬੈਠਕੇ ਭਾਜਪਾ ਸਰਕਾਰ ਮੁਰਦਾਬਾਦ ਦੇ ਨਾਅਰੇ ਬੁਲੰਦ ਕਰਨ ਲੱਗੇ। ਰੋਹ ਵਿਚ ਆਏ ਕਿਸਾਨਾਂ ਨੇ ਕਿਹਾ ਕਿ ਉਹ ਕਿਸੇ ਹਾਲਤ ਵਿੱਚ ਭਾਜਪਾ ਨੇਤਾਵਾਂ ਨੂੰ ਪਿੰਡ ਵਿੱਚ ਨਹੀਂ ਆਉਣ ਦੇਣਗੇ। ਜਿਸਦੀ ਭਿਣਕ ਲੱਗਦੇ ਹੀ ਐਲਨਾਬਾਦ ਦੇ ਡੀਐਸਪੀ ਜਗਤ ਸਿੰਘ ਭਾਰੀ ਪੁਲਸ ਫੋਰਸ ਨਾਲ ਮੌਕੇ ਤੇ ਕਿਸਾਨਾਂ ਨੂੰ ਸਮਝਾਉਣ ਲਈ ਆਏ ਪਰ ਕਿਸਾਨ ਨਹੀਂ ਮੰਨੇ।

ਪਿੰਡ ਦੇ ਕਿਸਾਨਾਂ ਨੇ ਕਿਹਾ ਕਿ ਅੰਦੋਲਨ ਲਈ ਕਿਸਾਨ ਦਿੱਲੀ ਜਾ ਰਹੇ ਸਨ ਤੇ ਸਰਕਾਰ ਸੜਕਾਂ ਖੁਦਵਾਕੇ ਉਨ੍ਹਾਂ ਨੂੰ ਜਾਣ ਤੋ ਰੋਕ ਰਹੀ ਹੈ। ਹੁਣ ਅਸੀਂ ਭਾਜਪਾ ਦੇ ਆਗੂਆਂ ਨੂੰ ਆਪਣੇ ਪਿੰਡ ਵਿੱਚ ਆਉਣੋਂ ਰੋਕਾਂਗੇ। ਜਿਲ੍ਹਾ ਪ੍ਰਸ਼ਾਸਨ ਦੇ ਵਾਰ ਵਾਰ ਮਨਾਉਣ ਦੇ ਬਾਅਦ ਵੀ ਜਦੋਂ ਕਿਸਾਨ ਨਹੀਂ ਮੰਨੇ ਤਾਂ ਭਾਜਪਾ ਨੇਤਾਵਾਂ ਨੇ ਤਲਵਾੜਾ ਖੁਰਦ ਦਾ ਦੌਰਾ ਰੱਦ ਕਰ ਦਿੱਤਾ।

ਦੀਵਾਲੀ ਦੌਰਾਨ ਹੋਣ ਵਾਲੀਆਂ ਘਟਨਵਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਲਈ ਜਾਗਰੂਕਤਾ ਮੁਹਿੰਮ

ਜਸਪਾਲ ਸਿੰਘ

ਪਿਹੋਵਾ/22 ਅਕਤੂਬਰ: ਦੀਪਾਵਲੀ ਦੇ ਦੌਰਾਨ, ਨਗਰ ਪਾਲਿਕਾ ਦੀ ਤਰਫੋਂ ਸਕੱਤਰ ਅੰਕੁਸ ਪਰਾਸਰ ਦੀ ਪ੍ਰਧਾਨਗੀ ਵਿੱਚ ਲੋਕਾਂ ਨੂੰ ਸੁਚੇਤ ਕਰਨ ਅਤੇ ਅੱਗ ਲਗੱਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਸੁਰੱਖਿਆ ਜਾਗਰੂਕਤਾ ਲਈ ਇੱਕ ਮੁਹਿੰਮ ਚਲਾਈ ਗਈ। ਜਿਸ ਦੇ ਤਹਿਤ ਫਾਇਰ ਬ੍ਰਿਗੇਡ ਕਰਮਚਾਰੀਆਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਵਪਾਰਕ ਅਦਾਰਿਆਂ, ਦੁਕਾਨਾਂ ਅਤੇ ਸਕੂਲਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਨਗਰ ਪਾਲਿਕਾ ਸਕੱਤਰ ਅੰਕੁਸ ਪਰਾਸਰ ਨੇ ਦੱਸਿਆ ਕਿ ਤਿਉਹਾਰਾਂ ਦੇ ਮੱਦੇਨਜਰ ਨਗਰਪਾਲਿਕਾ ਵੱਲੋਂ ਸੁਰੱਖਿਆ ਅਲਰਟ ਜਾਰੀ ਕੀਤਾ ਗਿਆ ਹੈ। ਜਿਸ ਦੇ ਤਹਿਤ ਪਟਾਕਿਆਂ 'ਤੇ ਨਜਰ ਰੱਖਣ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਟਾਕਿਆਂ ਅਤੇ ਆਤਿਸਬਾਜੀ ਦੀ ਵਰਤੋਂ ਕਰਦੇ ਸਮੇਂ ਮਾਪਿਆਂ ਨੂੰ ਬੱਚਿਆਂ 'ਤੇ ਨਜਰ ਰੱਖਣੀ ਚਾਹੀਦੀ ਹੈ।

ਬੱਚਿਆਂ ਦੀ ਲਾਪਰਵਾਹੀ ਕਾਰਨ ਛੋਟੇ ਹਾਦਸੇ ਵੱਡੀਆਂ ਘਟਨਾਵਾਂ ਵਿੱਚ ਬਦਲ ਜਾਂਦੇ ਹਨ. ਟੀਮ ਨੇ ਦੁਕਾਨਾਂ ਅਤੇ ਮਾਲਾਂ ਦਾ ਦੌਰਾ ਕਰਕੇ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਜਾਂਚ ਕੀਤੀ ਅਤੇ ਇਹ ਸੁਨਿਸਚਿਤ ਕੀਤਾ ਕਿ ਦੁਕਾਨਦਾਰ ਆਗਿਆ ਤੋਂ ਬਿਨਾਂ ਪਟਾਕੇ ਨਾ ਵੇਚਣ। ਇਸ ਤੋਂ ਇਲਾਵਾ ਜੇਕਰ ਕਿਸੇ ਖੇਤਰ ਵਿੱਚ ਪਟਾਕੇ ਚਲਾਉਣ ਦੀ ਘਟਨਾ ਵਾਪਰਦੀ ਹੈ ਤਾਂ ਤੁਰੰਤ ਇਸਦੀ ਸੂਚਨਾ ਫਾਇਰ ਬ੍ਰਿਗੇਡ ਦੇ 101 ਨੰਬਰ 'ਤੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਵੀ ਤਿਉਹਾਰਾਂ ਤੱਕ ਪੂਰੀ ਤਰ੍ਹਾਂ ਚੌਕਸ ਰਹਿਣ ਦੇ ਨਿਰਦੇਸ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿ?ਲ੍ਹਾ ਡਿਪਟੀ ਕਮਿਸਨਰ ਮੁਕੁਲ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਮੰਡੀ 'ਤੇ ਕਬਜਾ ਕਰਨ ਵਾਲਿਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੁਕਾਨਦਾਰਾਂ ਨੂੰ ਕਿਹਾ ਕਿ ਉਹ ਦੀਵਾਲੀ ਤੱਕ ਬਾਜਾਰ ਵਿੱਚ ਭੀੜ ਦੇ ਮੱਦੇਨਜਰ ਉਨ੍ਹਾਂ ਨੂੰ ਸੜਕ ਦੇ ਵਿਚਕਾਰ ਰੱਖ ਕੇ ਸਾਮਾਨ ਨਾ ਰੋਕਣ। ਇਸ ਮੌਕੇ ਐਲਐਫਐਮ ਸਤੀਸ, ਐਲਐਫਐਮ ਰਣਧੀਰ ਅਤੇ ਫਾਇਰ ਅਫਸਰ ਸੰਦੀਪ ਦੀਕਸਤ ਸਮੇਤ ਬਹੁਤ ਸਾਰੇ ਲੋਕ ਮੌਜੂਦ ਸਨ.

'ਮਜ਼ਦੂਰਾਂ ਨੂੰ ਸਹੂਲਤ ਦੇਣ ਦੀ ਬਜਾਏ ਉਨ੍ਹਾਂ ਦੀ ਰਜਿਸਟ੍ਰੇਸ਼ਨ ਬੰਦ ਕਰ ਰਹੀ ਸਰਕਾਰ'

ਪੀਪੀ ਵਰਮਾ

ਪੰਚਕੂਲਾ/22 ਅਕਤੂਬਰ: ਭਵਨ ਨਿਰਮਾਣ ਕਾਮਗਾਰ ਯੂਨੀਅਨ ਹਰਿਆਣਾ (ਸੀਟੂ) ਦੇ ਸਟੇਟ ਸਕੱਤਰ ਲੱਛੀ ਰਾਮ ਸ਼ਰਮਾ ਨੇ ਕਿਹਾ ਹੈ ਕਿ ਸਰਕਾਰ ਅਤੇ ਮਜ਼ਦੂਰਾਂ ਦੀ ਭਲਾਈ ਲਈ ਬਣਾਇਆ ਗਿਆ ਬੋਰਡ ਪ੍ਰੀਸ਼ਦ ਮਜ਼ਦੂਰਾਂ ਨੂੰ ਕੰਮ ਦੇਣ ਦੀ ਬਜਾਏ ਉਹਨਾਂ ਦੀ ਰਜਿਸਟ੍ਰੇਸ਼ਨ ਬੰਦ ਕਰਨ ਤੇ ਲੱਗੀ ਹੋਈ ਹੈ। ਉਹਨਾਂ ਕਿਹਾ ਮਜ਼ਦੂਰ ਵਰਗ ਸਰਕਾਰ ਦੀ ਇਸ ਕੰਮ ਲਈ ਨਿੰਦਾ ਕਰਦਾ ਹੈ। ਲੱਛੀ ਰਾਮ ਨੇ ਕਿਹਾ ਹਰਿਆਣਾ ਵਿੱਚ 22 ਲੱਖ ਨਿਰਮਾਣ ਮਜ਼ਦੂਰ ਅਤੇ ਕਾਰੀਗਰ ਕੰਮ ਕਰ ਰਹੇ ਹਨ ਪਰੰਤੂ ਹਰਿਆਣਾ ਸਰਕਾਰ ਨੇ 10 ਹਜ਼ਾਰ ਭਵਨ ਨਿਰਮਾਣ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਕੀਤੀ ਹੈ। ਉਹਨਾਂ ਕਿਹਾ ਸਰਕਾਰ ਵੱਲੋਂ ਭਵਨ ਨਿਰਮਾਣ ਮਜ਼ਦੂਰਾਂ ਦਾ ਰਜਿਸਟ੍ਰੇਸ਼ਨ ਬੰਦ ਕਰਨ ਲਈ ਧੜਾ-ਧੜ ਫੁਰਮਾਨ ਜਾਰੀ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਲੇਬਰ ਕਲਿਆਣ ਬੋਰਡ ਇਮਾਨਦਾਰੀ ਨਾਲ ਮਜ਼ਦੂਰਾਂ ਦੀ ਰਜਿਸਟਰੇਸ਼ਨ ਕਰੇ ਨਾ ਕੇ ਉਹਨਾਂ ਨੂੰ ਬਾਰ-ਬਾਰ ਰਜਿਸਟ੍ਰੇਸ਼ਨ ਭੰਗ ਕਰਨ ਬਾਰੇ ਡਰਾਏ। ਉਹਨਾਂ ਕਿਹਾ ਭਵਨ ਨਿਰਮਾਣ ਕਾਮਗਾਰ ਯੂਨੀਅਨ ਸਰਕਾਰ ਦੇ ਵਿਰੋਧ ਵਿੱਚ ਆਪਣਾ ਪ੍ਰਦਰਸ਼ਨ ਜਾਰੀ ਰੱਖੇਗੀ ਅਤੇ ਦੋ ਅਤੇ ਤਿੰਨ ਦਸੰਬਰ ਨੂੰ ਹੋਣ ਵਾਲੀ ਦੇਸ ਵਿਆਪੀ ਹੜਤਾਲ ਵਿੱਚ ਹਿੱਸਾ ਲਵੇਗੀ।

ਅਕਾਲੀ ਆਗੂ ਟਿੱਕਾ ਸ਼ਿਵ ਚੰਦ ਭਲਾਣ ਦੇ ਗਏ ਸਦੀਵੀ ਵਿਛੋੜਾ, ਹੋਇਆ ਸਸਕਾਰ

ਜੁਝਾਰ ਸਿੰਘ

ਨੰਗਲ/22 ਅਕਤੂਬਰ: ਅਕਾਲੀ ਆਗੂ ਟਿੱਕਾ ਯਸ਼ਵੀਰ ਚੰਦ ਭਲਾਣ ਦੇ ਪਿਤਾ ਟਿੱਕਾ ਸ਼ਿਵ ਚੰਦ (90) ਭਲਾਣ ਬੀਤੀ ਰਾਤ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਹਰਿਆ ਭਰਿਆ ਪਰਿਵਾਰ ਛੱਡ ਕੇ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਜਿਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਭਲਾਣ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖ਼ਾ ਨੂੰ ਉਨ੍ਹਾਂ ਦੇ ਬੇਟੇ ਰਿਟਾ: ਕਰਨਲ ਰਾਜ ਕੁਮਾਰ ਅਤੇ ਟਿੱਕਾ ਯਸ਼ਵੀਰ ਨੇ ਦਿਖਾਈ। ਇਸ ਮੌਕੇ ਸਪੀਕਰ ਰਾਣਾ ਕੇ ਪੀ ਸਿੰਘ, ਐਡਵੋਕੇਟ ਰਾਣਾ ਵਿਸ਼ਵਪਾਲ ਸਿੰਘ,ਅਮਰਪਾਲ ਸਿੰਘ ਬੈਂਸ, ਅੰਮ੍ਰਿਤਪਾਲ ਧੀਮਾਨ, ਡਾ: ਦਲਜੀਤ ਸਿੰਘ ਚੀਮਾ ਸਾਬਕਾ ਸਿੱਖਿਆ ਮੰਤਰੀ, ਅਕਾਲੀ ਆਗੂ ਜਥੇਦਾਰ ਮੋਹਣ ਸਿੰਘ ਢੂਮੇਵਾਲ, ਜਥੇ: ਮੋਹਣ ਸਿੰਘ ਢਾਹੇਂ ਜਥੇ:ਗੁਰਿੰਦਰ ਸਿੰਘ ਗੋਗੀ, ਆਪ ਆਗੂ ਸੰਜੀਵ ਰਾਣਾ ਨੰਗਲ, ਐਡਵੋਕੇਟ ਵਿਸ਼ਾਲ ਸੈਣੀ, ਐਡਵੋਕੇਟ ਦਿਨੇਸ਼ ਚੱਢਾ ਮਾਸਟਰ ਹਰਦਿਆਲ ਸਿੰਘ, ਡਾ ਦੀਵਾਨ ਨੰਗਲ, ਤਹਿਸੀਲਦਾਰ ਰਾਮ ਕਿਸ਼ਨ ਨੰਗਲ, ਕਾਂਗਰਸੀ ਆਗੂ ਕੁਲਦੀਪ ਭਲਾਣ, ਅਭੀ ਜੀਤ ਝਾਂਗੜੀਆਂ, ਮਨੀ ਝਾਂਗੜੀਆਂ, ਖੁਸ਼ਹਾਲ ਸਿੰਘ, ਐਡਵੋਕੇਟ ਚੱਬਰੇਵਾਲ, ਮਾਸਟਰ ਸਰਵਣ ਸਿੰਘ ਬੇਲਾ, ਰਿਟਾ: ਇੰਸਪੈਕਟਰ ਕੇਸਰ ਸਿੰਘ, ਡੀ ਐਸ ਪੀ ਰਮਿੰਦਰ ਸਿੰਘ ਕਾਹਲੋਂ, ਏ ਐਸ ਆਈ ਨਰਿੰਦਰ ਸਿੰਘ, ਰਾਕੇਸ਼ ਨਈਅਰ, ਚੇਅਰਮੈਨ ਰਮੇਸ਼ ਦਸਗਰਾਈਂ ਅਤੇ ਇਲਾਕੇ ਦੇ ਲੋਕ ਇਸ ਦੁੱਖ ਦੀ ਘੜੀ ਵਿਚ ਅੰਤਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਸਕੂਲ 'ਚ ਮਨਾਇਆ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ

ਜਤਿੰਦਰ ਸ਼ਰਮਾ

ਝਬਾਲ/22 ਅਕਤੂਬਰ: ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ,ਚੌਥੇ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦਾ ਹਰਜਸ ਕੀਰਤਨ ਕੀਤਾ ਗਿਆ ਉਪਰੰਤ ਸਕੂਲ ਦੇ ਧਾਰਮਿਕ ਅਧਿਆਪਕ ਸ. ਹਰਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੇ ਜੀਵਨ ਇਤਿਹਾਸ ਤੋਂ ਸਕੂਲ ਵਿੱਚ ਅਤੇ ਆਨਲਾਇਨ ਆਡੀਓ-ਵੀਡੀਓ ਰਾਹੀਂ ਜਾਣੂ ਕਰਵਾਇਆ ਗਿਆ।ਇਸੇ ਨਾਲ ਸਬੰਧਿਤ ਅੱਠਵੀਂ ਜਮਾਤ ਦੇ ਸਾਰੇ ਸ਼ੈਕਸਨਾਂ ਦੀ ਪ੍ਰਸ਼ਨੋਤਰੀ ਦੀ ਐਕਟੀਵਿਟੀ ਵੀ ਕਰਵਾਈ ਗਈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਉਰਮਿੰਦਰ ਕੌਰ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸਾਨੂੰ ਵੀ ਗੁਰੂ ਰਾਮਦਾਸ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿੱਚ ਨਿਮਰਤਾ ਅਤੇ ਮਿਠਾਸ ਵਾਲੇ ਗੁਣ ਧਾਰਨ ਕਰਨੇ ਚਾਹੀਦੇ ਹਨ।ਸਕੂਲ ਦੇ ਮੈਂਬਰ ਇੰਚਾਰਜ਼ ਸ: ਮਨਜੀਤ ਸਿੰਘ ਢਿੱਲੋਂ ,ਸ:ਤੇਜਿੰਦਰਪਾਲ ਸਿੰਘ, ਸ: ਗੁਰਪ੍ਰੀਤ ਸਿੰਘ ਸੇਠੀ ਅਤੇ ਪ੍ਰਿੰਸੀਪਲ ਉਰਮਿੰਦਰ ਕੌਰ ਜੀ ਨੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ।

ਕੰਪਿਊਟਰ ਲੈਬ ਅਟੈਂਡੈਂਟ ਕਰਨਾਲ 'ਚ ਕਰਨਗੇ ਮੁੱਖ ਮੰਤਰੀ ਨਿਵਾਸ ਦਾ ਘਿਰਾਓ

ਗੁਰਨਾਮ ਸਿੰਘ ਰਾਮਗੜ੍ਹੀਆ

ਅਸੰਧ/22 ਅਕਤੂਬਰ: ਸੂਬੇ ਦੇ ਕੰਪਿਊਟਰ ਲੈਬ ਅਟੈਂਡੇਂਟ ਕਰਨਾਲ ਵਿੱਚ ਕਰਨਗੇ ਮੁੱਖਮੰਤਰੀ ਨਿਵਾਸ ਦਾ ਘਿਰਾਉ । ਲੰਬੇ ਸਮੇ ਤੋਂ ਕੰਪਿਊਟਰ ਲੈਬ ਅਸਿਸਟੇਂਟ ਆਪਣੀਆਂ ਮੰਗਾ ਨੂੰ ਲੈ ਕੇ ਸਿੱਖਿਆ ਵਿਭਾਗ ਦੇ ਉੱਚਾਧਿਕਾਰੀਆਂ ਦੇ ਚੱਕਰ ਕੱਟ ਰਹੇ ਹੈ ਲੇਕਿਨ ਅਧਿਕਾਰੀ ਅਣਡਿੱਠਾ ਕਰ ਰਹੇ ਹਨ । ਇਹ ਜਾਣਕਾਰੀ ਦਿੰਦੇ ਹੋਏ ਇੰਦਰ ਪਿਯੋਂਤ ਅਤੇ ਸੂਬਾ ਸਾਥੀ ਮੀਡਿਆ ਪ੍ਰਭਾਰੀ ਰਾਜੇਸ ਪਾਢਾ ਅਤੇ ਸਾਹਿਲ ਸਰਮਾ ਨੇ ਦੱਸਿਆ ਕਿ 10 ਸਾਲ ਦਾ ਅਰਸਾ ਗੁਜਰ ਚੁੱਕਿਆ ਹੈ । ਕੰਪਿਊਟਰ ਲੈਬ ਅਸਿਸਟੇਂਟ ਨੂੰ ਵੇਤਨਮਾਨ ਤੱਕ ਸਮੇਂ ਤੇ ਨਹੀਂ ਮਿਲ ਰਿਹਾ ਹੈ । ਮੰਗਾਂ ਨੂੰ ਲੈ ਕੇ ਸਮੇ - ਸਮੇ ਉੱਤੇ ਮੰਗ ਉੱਠਦੀ ਰਹੀ ਹੈ ਲੇਕਿਨ ਉਨ੍ਹਾਂਨੂੰ ਹਰ ਵਾਰ ਅਣਸੁਣਿਆ ਕੀਤਾ ਜਾ ਰਿਹਾ ਹੈ । ਇਸਤੋਂ ਕੰਪਿਊਟਰ ਲੈਬ ਅਸਿਸਟੇਂਟ ਆਹਤ ਹਨ । ਅੰਦੋਲਨ ਦੀ ਕੜੀ ਵਿੱਚ ਹੁਣ ਕੰਪਿਊਟਰ ਲੈਬ ਅਸਿਸਟੇਂਟ ਵੇਲਫੇਇਰ ਏਸੋਸਿਏਸਨ ਨੇ 29 ਅਕਤੂਬਰ ਨੂੰ ਕਰਨਾਲ ਵਿੱਚ ਮੁੱਖਮੰਤਰੀ ਘਰ ਦਾ ਘਿਰਾਉ ਕਰਨ ਦਾ ਫੈਸਲਾ ਲਿਆ ਹੈ ।

ਬਾਬਾ ਗਾਜੀ ਦਾਸ ਕਲੱਬ ਵੱਲੋਂ ਲੋੜਵੰਦ ਲੜਕੀ ਦੇ ਵਿਆਹ ਲਈ ਵਿੱਤੀ ਮੱਦਦ

ਕੁਲਦੀਪ ਸ਼ਰਮਾ, ਬਲਵਿੰਦਰ ਰੈਤ

ਨੂਰਪੁਰ ਬੇਦੀ/22 ਅਕਤੂਬਰ: ਬਾਬਾ ਗਾਜੀ ਦਾਸ ਕਲੱਬ ਰੋਡਮਾਜਰਾ ਚੱਕਲਾਂ ਦੇ ਪ੍ਰਧਾਨ ਤੇ ਅੰਤਰਰਾਸ਼ਟਰੀ ਕਬੱਡੀ ਪ੍ਰਮੋਟਰ ਦਵਿੰਦਰ ਸਿੰਘ ਰੋਡਮਾਜਰਾ ਤੇ ਸਮੂਹ ਮੈਂਬਰਾਂ ਵੱਲੋਂ ਕਈ ਸਾਲਾਂ ਤੋਂ ਸਮਾਜਸੇਵਾ ਦੇ ਕੰਮਾਂ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਰਿਹਾ ਹੈ। ਜਿਸ ਦੇ ਤਹਿਤ ਸਮਾਜਸੇਵੀ ਕਾਰਜਾਂ ਨੂੰ ਜਾਰੀ ਰੱਖਦੇ ਹੋਏ ਬਲਾਕ ਨੂਰਪੁਰ ਬੇਦੀ ਦੇ ਪਿੰਡ ਸਿੰਘਪੁਰਾ ਵਿਖੇ ਲੋੜਵੰਦ ਪਰਿਵਾਰ ਦੀ ਲੜਕੀ ਬਲਜਿੰਦਰ ਕੌਰ ਪੁੱਤਰੀ ਸਵਰਨ ਸਿੰਘ ਦੇ ਵਿਆਹ ਲਈ 11 ਹਜਾਰ ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵਜੋਂ ਦਿੱਤੀ ਗਈ। ਕਲੱਬ ਦੇ ਪ੍ਰਧਾਨ ਤੇ ਅੰਤਰਰਾਸ਼ਟਰੀ ਕਬੱਡੀ ਪ੍ਰਮੋਟਰ ਤੇ ਸਮਾਜਸੇਵੀ ਦਵਿੰਦਰ ਸਿੰਘ ਬਾਜਵਾ, ਸਰਪੰਚ ਬਲਵਿੰਦਰ ਸਿੰਘ ਚੱਕਲਾਂ, ਬਿੱਟੂ ਸਰਪੰਚ ਰੋਡਮਾਜਰਾ, ਸਾਬਕਾ ਸਰਪੰਚ ਮੋਹਰ ਸਿੰਘ ਖਾਬੜਾ ਨੇ ਲੜਕੀ ਬਲਜਿੰਦਰ ਕੌਰ ਨੂੰ ਆਸ਼ੀਰਵਾਦ ਦਿੱਤਾ । ਦਵਿੰਦਰ ਸਿੰਘ ਬਾਜਵਾ ਨੇ ਲੋੜਵੰਦ ਪਰਿਵਾਰ ਨੂੰ ਕਲੱਬ ਵਲੋਂ ਭਵਿੱਖ ਵਿਚ ਹੋਰ ਵੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਜਿਕਰਯੋਗ ਹੈ ਕ ਬਾਬਾ ਗਾਜੀ ਦਾਸ ਕਲੱਬ ਰੋਡਮਾਜਰਾ ਚੱਕਲਾਂ ਵੱਲੋਂ ਨਿਰੰਤਰ ਸਮਾਜਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਬਾਬਾ ਗਾਜੀ ਦਾਸ ਕਲੱਬ ਵਲੋ ਕੀਤੇ ਜਾ ਰਹੇ ਸਮਾਜਸੇਵੀ ਕੰਮਾਂ ਦੀ ਨੂਰਪੁਰ ਬੇਦੀ ਇਲਾਕੇ ਦੇ ਲੋਕਾਂ ਨੇ ਸ਼ਲਾਘਾ ਕੀਤੀ ਹੈ। ਜਿਕਰਯੋਗ ਹੈ ਕਿ ਕਲੱਬ ਵਲੋਂ ਇਸ ਸਾਲ 15 ਜਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਵੀ ਕੀਤੇ ਗਏ ਹਨ ਅਤੇ ਅਤੇ ਖ਼ੂਨਦਾਨ ਕੈਂਪ ਵੀ ਲਗਾਇਆ ਜਾਂਦਾ ਹੈ। ਕਲੱਬ ਵੱਲੋਂ ਪਿਛਲੇ ਕਈ ਸਾਲਾਂ ਤੋਂ ਅੰਤਰਾਸ਼ਟਰੀ ਕਬਡੀ ਕੱਪ ਤੇ ਹੋਰ ਸਮਾਜਸੇਵੀ ਕੰਮਾਂ ਕਰਵਾਏ ਜਾ ਰਹੇ ਹਨ। ਪ੍ਰਧਾਨ ਦਵਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਕਲੱਬ ਦੇ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਲੰਗਰਾਂ ਦੀ ਸੇਵਾ ਕੀਤੀ ਗਈ ਅਤੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਸੋਨੇ ਦੇ ਸਿੱਕੇ ਦੇਕੇ ਵੀ ਸਨਮਾਨਿਤ ਕੀਤਾ ਗਿਆ ਸੀ। ਬਾਜਵਾ ਨੇ ਕਿਹਾ ਕਿ ਬਾਬਾ ਗਾਜੀਦਾਸ ਕਲੱਬ ਦਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਸਿਰਫ ਸਮਾਜਸੇਵਾ ਨੂੰ ਸਮਰਿਪਤ ਹੈ। ਇਸ ਮੌਕੇ ਮੰਗਲ ਸਿੰਘ ਸਰਪੰਚ ਸਿੰਘਪੁਰਾ, ਨੰਬਰਦਾਰ ਭਜਨ ਸਿੰਘ ਸਿੰਘਪੁਰਾ, ਮਾਸਟਰ ਅਜੀਤ ਸਿੰਘ, ਕਮਲਜੀਤ ਸਿੰਘ, ਐਡਵੋਕੇਟ ਸੌਰਵ, ਚੂਹੜ ਸਿੰਘ, ਸੁੱਚਾ ਸਿੰਘ ਬੱਸੀ, ਸੁਰਿੰਦਰ ਸਿੰਘ ਮੌਜੂਦ ਸਨ।

ਸਟੀਲ ਸਟ੍ਰਿਪਸ ਵੀਲਜ਼ ਲਿਮਟਿਡ

ਸੀਆਈਐਨ : L27107PB1985PLC006159

ਰਜਿ ਦਫ਼ਤਰ ਪਿੰਡ ਸੋਮਾਲਹੇੜੀ/ਲੇਹਿਲੀ, ਡਾਕਖਾਨਾ ਦੱਪਰ, ਤਹਿਸੀਲ ਡੇਰਾਬੱਸੀ, ਜ਼ਿਲ੍ਹਾ ਮੋਹਾਲੀ, ਪੰਜਾਬ। ਫੋਨ. +91-172-2793112, ਫੈਕਸ. +91-172-2794834, ਈਮੇਲ. ssl_ssg@glide.net.in ਵੈਬਸਾਈਟ: www.sswlindia.com

ਸੁਨੀਤੀ ਸ਼ੇਅਰਾਂ ਦੇ ਉੱਪ-ਭਾਗ ਲਈ ਰਿਕਾਰਡ ਮਿਤੀ ਦਾ ਨੋਟਿਸ

ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਸੇਬੀ (ਲਿਸਟਿੰਗ ਓਬਲਿਕੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਜ਼) ਰੈਗੂਲੇਸ਼ਨ, 2015 ਦੇ ਰੈਗੂਲੇਸ਼ਨ 42 ਜਿਸ ਨੂੰ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਿਨੀਸਟ੍ਰੇਸ਼ਨ) ਰੂਲਜ਼, 2014 ਦੇ ਰੂਲ 10 ਨਾਲ ਪੜ੍ਹਿਆ ਜਾਵੇ ਤਹਿਤ ਬੋਰਡ ਆਫ ਡਾਇਰੈਕਟਰਾਂ ਨੇ ਰੁਪਏ 10 ਦੇ ਸੁਨੀਤੀ ਸ਼ੇਅਰ ਨੂੰ ਦੋ ਹਿੱਸਿਆਂ ਵਿੱਚ ਉੱਪ ਭਾਗ ਜੋ ਕਿ ਰੁਪਏ ਪੰਜ ਹਰੇਕ ਦੇ ਸੁਨੀਤੀ ਸ਼ੇਅਰ ਵਿਖੇ ਵਿਭਾਜਨ ਲਈ ਯੋਗ ਸ਼ੇਅਰ ਧਾਰਕਾਂ ਦੀ ਪਹਿਚਾਣ ਲਈ ਸੋਮਵਾਰ 22 ਨਵੰਬਰ 2021 ਨੂੰ ਰਿਕਾਰਡ ਮਿਤੀ ਵਜੋਂ ਮਿਥਿਆ ਹੈ। ਉੱਪ ਵਿਭਾਜਨ ਸਬੰਧੀ ਜਿਹੜੇ ਮੌਜੂਦਾ ਸ਼ੇਅਰ ਸਰਟੀਫਿਕੇਟ ਫੇਜ਼ ਵੈਲਿਊ ਰੁਪਏ 10 ਹਰੇਕ ਭੌਤਿਕ ਰੂਪ ਵਿੱਚ ਹਨ ਨੂੰ ਰਿਕਾਰਡ ਮਿਤੀ ਜੋ ਕਿ 22.11.2021 ਤੋਂ ਖਾਰਜ ਸਮਝਿਆ ਜਾਵੇਗਾ ਅਤੇ ਕੰਪਨੀ ਇਨਾਂ ਸ਼ੇਅਰ ਸਰਟੀਫਿਕੇਟਾਂ ਨੂੰ ਸੈਂਡਰ ਕੀਤੇ ਬਗੈਰ ਹੀ ਨਵੇਂ ਸਰਟੀਫਿਕੇਟ ਜਾਰੀ ਕਰ ਦੇਵੇਗੀ ਅਤੇ ਜੇਕਰ ਸੁਨੀਤੀ ਸ਼ੇਅਰ ਡੀਮੈਟਰਲਾਈਜ਼ਡ ਰੂਪ ਵਿੱਚ ਹਨ ਤਾਂ ਸੁਨੀਤੀ ਸ਼ੇਅਰਾਂ ਦਾ ਉਪ ਵਿਭਾਜਨ ਮੈਂਬਰਾਂ ਦੇ ਸਬੰਧਿਤ ਡਿਪੋਸਟਰੀ ਭਾਗੀਦਾਰਾਂ ਕੋਲ ਲਾਭਪਾਤਰੀ ਖਾਤਿਆਂ ਵਿੱਖੇ ਜਮਾ ਕਰ ਦਿੱਤੇ ਜਾਣਗੇਂ। ਜੋ ਕਿ ਕੰਪਨੀ ਦੇ ਉਪ ਵਿਭਾਜਨ ਤੋਂ ਪਹਿਲਾਂ ਮੌਜੂਦਾ ਸੁਨੀਤੀ ਸ਼ੇਅਰਾਂ ਲਈ ਸਬੰਧਤ ਲਾਭਪਾਤਰੀ ਡੀਮੈਟ ਖਾਤਿਆਂ ਵਿੱਚ ਜਮਾ ਕਰਵਾਏ ਜਾਣਗੇਂ।

ਉਪਰੋਕਤ ਜਾਣਕਾਰੀ ਕੰਪਨੀ ਦੀ ਵੈਬਸਾਈਟ www.sswlindia.com ਅਤੇ ਸਟਾਕ ਐਕਸਚੈਂਜ ਦੀਆਂ ਵੈਬਸਾਈਟਾਂ ਜੋ ਕਿ ਬੀਐਸਈ ਲਿਮਟਿਡ www.bseindia.com ਅਤੇ ਐਨਐਸਈ www.nseindia.com 'ਤੇ ਵੀ ਉਪਲੱਬਧ ਹੈ।

ਸਟੀਲ ਸਟ੍ਰਿਪਸ ਵੀਲਜ਼ ਲਿਮਟਿਡ
ਸਹੀ/-
(ਸ਼ਮਨ ਜਿੰਦਲ)
ਕੰਪਨੀ ਸਕੱਤਰ

ਅਸਥਾਨ : ਚੰਡੀਗੜ
ਮਿਤੀ: 22.10.2021

ਚੰਡੀਗੜ੍ਹ ਹਾਊਸਿੰਗ ਬੋਰਡ

(ਚੰਡੀਗੜ੍ਹ ਪ੍ਰਸ਼ਾਸਨ ਦਾ ਅਦਾਰਾ)

8, ਜਨ ਮਾਰਗ, ਸੈਕਟਰ 9-ਡੀ ਚੰਡੀਗੜ੍ਹ, ਫੋਨ: 0172-4601812

ਪਬਲਿਕ ਨੋਟਿਸ

ਆਮ ਜਨ ਸਾਧਾਰਨ ਨੂੰ ਇਹ ਨੋਟਿਸ ਦਿਤਾ ਜਾਂਦਾ ਹੈ ਕਿ ਹੇਠ ਦਰਸਾਏ ਵਿਅਕਤੀਆਂ ਨੇ ਹੇਠ ਦਰਸਾਏ ਡਵੈਲਿੰਗ ਯੂਨਿਟ ਦੀ ਬਲੱਡ ਰਿਲੇਸ਼ਨ ਟਰਾਸਫਰ ਪਾਲਿਸੀ ਤਹਿਤ ਚੰਡੀਗੜ੍ਹ ਹਾਊਸਿੰਗ ਬੋਰਡ (ਐਲਾਟਮੈਂਟ, ਮੈਨੇਜਮੈਂਟ ਅਤੇ ਸੇਲ ਆਫ ਟੀਨੀਮੈਂਟ) ਰੇਗੂਲੇਸ਼ਨ 1979 ਦੇ ਰੈਗੂਲੇਸ਼ਨ 16 ਮੁਤਾਬਿਕ ਬੇਨਤੀ ਕੀਤੀ ਹੈ।

ਲੜੀ ਨੰ:	ਬਿਨੈਕਾਰ ਦਾ ਨਾਮ (ਪ੍ਰਸਤਾਵਤ ਟਰਾਸਫਰੀ) ਸ੍ਰੀ/ਸ੍ਰੀਮਤੀ/ਮਿਸ	ਅਲਾਟੀ/ਟਰਾਸਫਰੀ ਦਾ ਨਾਮ (ਪ੍ਰਸਤਾਵਤ ਟਰਾਸਫਰਰ) ਸ੍ਰੀ/ਸ੍ਰੀਮਤੀ/ਮਿਸ	ਡੀਯੂ ਨੰ	ਕੈਟਾ.	ਸੈਕਟਰ
1.	ਸ੍ਰੀ ਸਰਬਪ੍ਰੀਤ ਸਿੰਘ ਪੁੱਤਰ ਸ੍ਰੀ ਹਰਮੋਹਿੰਦਰ ਸਿੰਘ	ਸ੍ਰੀ ਹਰਮੋਹਿੰਦਰ ਸਿੰਘ ਪੁੱਤਰ ਸ੍ਰੀ ਜੀਵਨ ਸਿੰਘ	2880	ਐਮਆਈਜੀ	40-C

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਡਵੈਲਿੰਗ ਯੂਨਿਟ ਦੇ ਅਲਾਟਮੈਂਟ ਦੀ ਤਬਦੀਲੀ ਸੰਬੰਧੀ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖ਼ਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੇ 15 ਦਿਨਾਂ ਤੇ ਅੰਦਰ ਨਿਮਨ ਹਸਤਾਖਰੀ ਨੂੰ ਸਮੇਤ ਦਸਤਾਵੇਜੀ ਸਬੂਤਾਂ ਦੇ, ਜੇਕਰ ਕੋਈ ਹਨ, ਭੇਜ ਸਕਦਾ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਮਾਸਕ ਪਹਿਨੋ, ਆਪਣੇ ਹੱਥ ਧੋਵੋ, ਦੂਰੀ ਬਣਾਈ ਰੱਖੋ

ਚੰਡੀਗੜ੍ਹ ਹਾਊਸਿੰਗ ਬੋਰਡ

8 ਜਨਮਾਰਗ, ਸੈਕਟਰ 9-ਡੀ ਚੰਡੀਗੜ੍ਹ
ਫੋਨ : 0172-4601826

ਪਬਲਿਕ ਨੋਟਿਸ

ਸਨਮੁੱਖ ਸਕੱਤਰ, ਸੀਐਚਬੀ, ਅਸਟੇਟ ਅਫ਼ਸਰ ਯੂਟੀ ਚੰਡੀਗੜ੍ਹ ਦੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ।

ਵਿਸ਼ਾ : ਡਵੈਲਿੰਗ ਯੂਨਿਟ ਨੰ. 3401 (ਹੇਠਲੀ ਮੰਜਿਲ), ਐਮਆਈਜੀ ਕੈਟਾਗਰੀ, ਸੈਕਟਰ 40-ਡੀ, ਚੰਡੀਗੜ੍ਹ ਦੇ ਮਾਲਕਾਨਾ ਹੱਕ/ਇੰਤਕਾਲ ਦੀ ਤਬਦੀਲੀ ਵਿਕਰੀ ਡੀਡ ਦੇ ਆਧਾਰ 'ਤੇ ਅਲਾਟੀ/ਟਰਾਂਸਫਰੀ 1. ਸ੍ਰੀ ਬਲਦੇਵ ਕ੍ਰਿਸ਼ਨ ਘਈ ਪੁੱਤਰ ਸ੍ਰੀ ਮਨੋਹਰ ਲਾਲ ਘਈ ਅਤੇ 2. ਸ਼੍ਰੀਮਤੀ ਹਰਬੰਸ ਘਈ ਪਤਨੀ ਸ਼੍ਰੀ ਬਲਦੇਵ ਕ੍ਰਿਸ਼ਨ ਘਈ ਦੇ ਨਾਮ ਤੋਂ 1. ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ ਅਤੇ 2. ਸ਼੍ਰੀਮਤੀ ਸਿਮਰਨ ਕੌਰ ਪਤਨੀ ਸ਼੍ਰੀ ਸਰਬਜੀਤ ਸਿੰਘ ਦੇ ਨਾਮ ਤਬਦੀਲ ਕਰਨ ਸੰਬੰਧੀ।

ਆਮ ਜਨ ਸਧਾਰਨ ਤੇ ਸਾਰੇ ਸੰਬੰਧੀਆਂ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਡਵੈਲਿੰਗ ਯੂਨਿਟ ਨੰ. 3401 (ਹੇਠਲੀ ਮੰਜਿਲ), ਐਮਆਈਜੀ ਕੈਟਾਗਰੀ, ਸੈਕਟਰ 40-ਡੀ, ਚੰਡੀਗੜ੍ਹ ਅਲਾਟੀ/ਟਰਾਂਸਫਰੀ 1. ਸ਼੍ਰੀ ਬਲਦੇਵ ਕ੍ਰਿਸ਼ਨ ਘਈ ਪੁੱਤਰ ਸ਼੍ਰੀ ਮਨੋਹਰ ਲਾਲ ਘਈ ਅਤੇ 2. ਸ਼੍ਰੀਮਤੀ ਹਰਬੰਸ ਘਈ ਪਤਨੀ ਸ਼੍ਰੀ ਬਲਦੇਵ ਕ੍ਰਿਸ਼ਨ ਘਈ ਦੇ ਨਾਂ ਹੈ। ਹੁਣ, 1. ਸ਼੍ਰੀ ਬਲਦੇਵ ਕ੍ਰਿਸ਼ਨ ਘਈ ਪੁੱਤਰ ਸ਼੍ਰੀ ਮਨੋਹਰ ਲਾਲ ਘਈ ਅਤੇ 2. ਸ਼੍ਰੀਮਤੀ ਹਰਬੰਸ ਘਈ ਪਤਨੀ ਸ਼੍ਰੀ ਬਲਦੇਵ ਕ੍ਰਿਸ਼ਨ ਘਈ ਨੇ ਉਪਰੋਕਤ ਡਵੈਲਿੰਗ ਯੂਨਿਟ ਸੇਲਡੀਡ ਜੋਕਿ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫ਼ਤਰ ਮਿਤੀ 4.10.2019 ਨੂੰ ਬਣਾਈ ਅਤੇ ਰਜਿਸਟਰਡ ਹੋਈ ਰਾਹੀਂ 1. ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ ਅਤੇ 2. ਸ਼੍ਰੀਮਤੀ ਸਿਮਰਨ ਕੌਰ ਪਤਨੀ ਸ਼੍ਰੀ ਸਰਬਜੀਤ ਸਿੰਘ ਨੂੰ ਵੇਚ ਦਿੱਤੀ ਹੈ। 1. ਸ਼੍ਰੀ ਸਰਬਜੀਤ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ ਅਤੇ 2. ਸ਼੍ਰੀਮਤੀ ਸਿਮਰਨ ਕੌਰ ਪਤਨੀ ਸ਼੍ਰੀ ਸਰਬਜੀਤ ਸਿੰਘ ਨੇ ਇਸ ਦਫ਼ਤਰ ਵਿਖੇ ਸੇਲਡੀਡ ਦੇ ਆਧਾਰ 'ਤੇ ਉਪਰੋਕਤ ਡਵੈਲਿੰਗ ਯੂਨਿਟ ਆਪਣੇ ਨਾਂ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਜਾਇਦਾਦ ਦਾ ਇੰਤਕਾਲ ਬਿਨੈਕਾਰ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ਼ ਲਿਖ਼ਤੀ ਤੌਰ 'ਤੇ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਨਿਮਨ ਹਸਤਾਖਰੀ ਨੂੰ ਭੇਜ ਸਕਦਾ ਹੈ। ਇੰਝ ਨਾ ਹੋਣ ਦੀ ਸੂਰਤ ਵਿਚ ਉਪਰੋਕਤ ਡਵੈਲਿੰਗ ਯੂਨਿਟ ਦਾਅਵੇਦਾਰ ਦੇ ਨਾਂ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

ਮਾਸਕ ਪਹਿਨੋ, ਹੱਥ ਧੋਵੋ, ਦੂਰੀ ਬਣਾਈ ਰੱਖੋ

ਚੰਡੀਗੜ੍ਹ ਹਾਊਸਿੰਗ ਬੋਰਡ

8 ਜਨਮਾਰਗ, ਸੈਕਟਰ 9-ਡੀ ਚੰਡੀਗੜ੍ਹ
ਫੋਨ : 0172-4601826

ਪਬਲਿਕ ਨੋਟਿਸ

ਵਿਸ਼ਾ : ਡਵੈਲਿੰਗ ਯੂਨਿਟ ਨੰ. 296-ਬੀ, ਕੈਟਾਗਿਰੀ-1, ਸੈਕਟਰ 51-ਏ, ਚੰਡੀਗੜ੍ਹ ਦਾ ਇੰਤਕਾਲ/ਮਲਕੀਅਤ ਦੀ ਤਬਦੀਲੀ ਅਲਾਟੀ/ਟਰਾਂਸਫਰੀ ਸ਼੍ਰੀ ਜੀ.ਪੀ.ਐਸ. ਗਰੇਵਾਲ ਪੁੱਤਰ ਡਾ. ਏ.ਐਸ. ਗਰੇਵਾਲ ਦੀ ਬਿਨਾਂ ਵਸੀਅਤ ਮੌਤ ਦੇ ਆਧਾਰ 'ਤੇ 1. ਸ਼੍ਰੀਮਤੀ ਰਵਿੰਦਰਪਾਲ ਕੌਰ ਪਤਨੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ 2. ਸ਼੍ਰੀਮਤੀ ਅਨੁਰੀਤ ਗਰੇਵਾਲ ਪੁੱਤਰੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ ਅਤੇ ਪਤਨੀ ਸ਼੍ਰੀ ਰੋਹਨ ਮਿਗਲਾਨੀ 3. ਸ਼੍ਰੀਮਤੀ ਅਨੁਰੂਪ ਗਰੇਵਾਲ ਪੁੱਤਰੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ ਦੇ ਨਾਂ ਤਬਦੀਲ ਕਰਨ ਸੰਬੰਧੀ।

ਆਮ ਜਨ ਸਧਾਰਨ ਤੇ ਸਾਰੇ ਸੰਬੰਧੀਆਂ ਨੂੰ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਸ਼੍ਰੀ ਜੀ.ਪੀ.ਐਸ. ਗਰੇਵਾਲ ਪੁੱਤਰ ਡਾ. ਏ.ਐਸ. ਗਰੇਵਾਲ ਜੋ ਡਵੈਲਿੰਗ ਯੂਨਿਟ ਨੰ. 296-ਬੀ, ਕੈਟਾਗਿਰੀ-1, ਸੈਕਟਰ 51-ਏ, ਚੰਡੀਗੜ੍ਹ ਦੇ ਮਾਲਕ ਸਨ, ਦੀ ਮੌਤ ਮਿਤੀ 2.05.2021 ਨੂੰ ਜ਼ੀਰਕਪੁਰ ਵਿਖੇ ਹੋ ਗਈ ਸੀ, ਜਿਵੇਂ ਕਿ ਉਨਾਂ ਦੇ ਕਾਨੂੰਨੀ ਵਾਰਸਾਂ ਨੇ ਦੱਸਿਆ ਹੈ। 1. ਸ਼੍ਰੀਮਤੀ ਰਵਿੰਦਰਪਾਲ ਕੌਰ ਪਤਨੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ 2. ਸ਼੍ਰੀਮਤੀ ਅਨੁਰੀਤ ਗਰੇਵਾਲ ਪੁੱਤਰੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ ਅਤੇ ਪਤਨੀ ਸ਼੍ਰੀ ਰੋਹਨ ਮਿਗਲਾਨੀ 3. ਸ਼੍ਰੀਮਤੀ ਅਨੁਰੂਪ ਗਰੇਵਾਲ ਪੁੱਤਰੀ ਸਵ. ਸ਼੍ਰੀ ਗੁਰਿੰਦਰ ਪਾਲ ਸਿੰਘ ਗਰੇਵਾਲ ਨੇ ਡਵੈਲਿੰਗ ਯੂਨਿਟ ਨੰ. 296-ਬੀ, ਕੈਟਾਗਿਰੀ-1, ਸੈਕਟਰ 51-ਏ, ਚੰਡੀਗੜ੍ਹ ਦੇ ਮਲਕਾਨਾ ਹੱਕ ਸ਼੍ਰੀ ਜੀ.ਪੀ.ਐਸ. ਗਰੇਵਾਲ ਪੁੱਤਰ ਡਾ. ਏ.ਐਸ. ਗਰੇਵਾਲ ਦੀ ਬਿਨਾਂ ਵਸੀਅਤ ਮੌਤ ਦੇ ਆਧਾਰ 'ਤੇ ਆਪਣੇ ਨਾਮ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ। ਉਨਾਂ ਨੇ ਇਹ ਵੀ ਦੱਸਿਆ ਹੈ ਕਿ ਉਪਰੋਕਤ ਡੀਯੂ ਦਾ ਹੋਰ ਕੋਈ ਕਾਨੂੰਨੀ ਵਾਰਸ ਨਹੀਂ ਹੈ ਅਤੇ ਉਹ ਹੀ ਮ੍ਰਿਤਕ ਮਾਲਕ ਦੇ ਕਾਨੂੰਨੀ ਵਾਰਸ ਹਨ।

ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਡਵੈਲਿੰਗ ਯੂਨਿਟ ਦੇ ਦਾਅਵੇ/ਹੱਕ/ਦਿਲਚਸਪੀ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ 1. ਸ਼੍ਰੀਮਤੀ ਰਵਿੰਦਰਪਾਲ ਕੌਰ-ਪਤਨੀ 2. ਸ਼੍ਰੀਮਤੀ ਅਨੁਰੀਤ ਗਰੇਵਾਲ- ਪੁੱਤਰੀ 3. ਸ਼੍ਰੀਮਤੀ ਅਨੁਰੂਪ ਗਰੇਵਾਲ- ਪੁੱਤਰੀ ਦੇ ਨਾਂ ਤਬਦੀਲ ਕੀਤੇ ਜਾਣ ਵਿਚ ਇਤਰਾਜ ਹੈ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਨੂੰ ਲਿਖਤੀ ਤੌਰ 'ਤੇ ਆਪਣਾ ਇਤਰਾਜ ਭੇਜ ਸਕਦਾ ਹੈ। ਅਜਿਹਾ ਨਾ ਹੋਣ 'ਤੇ ਡੀਯੂ ਬਿਨੈਕਾਰਾਂ ਦੇ ਨਾਂ ਤਬਦੀਲ ਕਰ ਦਿੱਤਾ ਜਾਵੇਗਾ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ

ਮਾਸਕ ਪਹਿਨੋ, ਹੱਥ ਧੋਵੋ, ਦੂਰੀ ਬਣਾਈ ਰੱਖੋ